# Punjabi 12

Examination Booklet
June 2007

# Form A

**DO NOT** OPEN ANY EXAMINATION MATERIALS UNTIL INSTRUCTED TO DO SO.

FOR FURTHER INSTRUCTIONS REFER TO THE RESPONSE BOOKLET.

**Contents: 18 pages**
54 multiple-choice questions (maximum of 54 marks)
3 written-response questions (maximum of 36 marks)

**Examination: 2 hours**
**Additional Time Permitted: 60 minutes**

© Province of British Columbia

## PART A: LINGUISTIC COMPETENCY COMPONENT

## SECTION 1: LANGUAGE ELEMENTS

**Value: 10 marks** **Suggested Time: 10 minutes**

**INSTRUCTIONS:** For questions 1 to 10, select the answer that **best** completes the sentence and record your choice on the **Answer Sheet** provided. Using an HB pencil, completely fill in the bubble that has the letter corresponding to your answer.

You have **Examination Booklet Form A**. In the box above #1 on your **Answer Sheet**, fill in the bubble as follows.

| Exam Booklet Form/ Cahier d'examen | A | B | C | D | E | F | G | H |
|---|---|---|---|---|---|---|---|---|
| | ● | ○ | ○ | ○ | ○ | ○ | ○ | ○ |

1. ਮੈਂ ਤੈਨੂੰ ____________ ਬਾਰੇ ਕੁਝ ਦੱਸਣਾ ਚਾਹੁੰਦੀ ਹਾਂ।

   A. ਮੇਰੀ
   B. ਤੇਰੀ
   C. ਤੁਹਾਡੀ
   D. ਆਪਣੇ

2. ਅੱਜ ਰਸਤਾ ਖਰਾਬ ਹੋਣ ਕਰਕੇ, ਉਹ ਕਾਰ ਬਹੁਤ ____________ ਚਲਾ ਰਿਹਾ ਸੀ।

   A. ਘੱਟ
   B. ਹੌਲੀ
   C. ਛੋਟੀ
   D. ਥੋੜ੍ਹੀ

3. ਮੈਂ ਵੱਡਾ ਹੋ ਕੇ ਘਰਾਂ ____________ ਵਪਾਰ ਕਰਨਾ ਚਾਹੁੰਦਾ ਹਾਂ।

   A. ਦੇ
   B. ਦਾ
   C. ਦੀ
   D. ਦੀਆਂ

4. ਵੈਨਕੂਵਰ ਵਿੱਚ ਭਾਰਤੀ ਮੰਤਰੀਆਂ ਦਾ ____________ ਸਵਾਗਤ ਕੀਤਾ ਗਿਆ।

A. ਨਵਾਂ
B. ਨਿਰਾ
C. ਨਿੱਕਾ
D. ਨਿੱਘਾ

5. ਕਲਾਕਾਰ ਭਾਰਤ ਤੋਂ ਕੈਨੇਡਾ ਤਾਂ ਆਉਂਦੇ ਹੀ ਰਹਿੰਦੇ ਹਨ ____________ ਕੈਨੇਡਾ ਤੋਂ ਭਾਰਤ ਘੱਟ ਹੀ ਜਾਂਦੇ ਹਨ।

A. ਜੋ
B. ਪਰ
C. ਅਤੇ
D. ਜਦੋਂ

6. ਬੱਚੀ ਖੁਸ਼ ਹੋ ਕੇ ਟੱਬ ਵਿੱਚ ਨਹਾ ____________ ਹੈ।

A. ਰਹੇ
B. ਰਹੀ
C. ਰਿਹਾ
D. ਰਹੀਆਂ

7. ਸੁਰਿੰਦਰ ਨੇ ਮੇਰੇ ਲਈ ਕਈ ____________ ਦਾ ਸਾਹਮਣਾ ਕੀਤਾ।

A. ਖੁਸ਼ੀਆਂ
B. ਚਿੰਤਾਵਾਂ
C. ਇਛਾਵਾਂ
D. ਮੁਸੀਬਤਾਂ

8. ਕੱਲ੍ਹ ਸਵੇਰੇ ਘਾਹ ਬਹੁਤ ਠੰਡਾ ਤੇ ਗਿੱਲਾ ____________ ।

A. ਹੈ
B. ਸੀ
C. ਹਨ
D. ਸਨ

9. ਤੁਹਾਡੀ ਪੱਗ ____________ ਗਈ ਹੈ ਕਿ ਨਹੀਂ ?

A. ਬੰਨ੍ਹੀ
B. ਬੰਨੀ
C. ਬਣੀ
D. ਬਣਾ

10. ਤੁਸੀਂ ____________ ਜਮਾਤ ਵਿੱਚ ਪੜ੍ਹਦੇ ਹੋ ?

A. ਕਿਹੜੇ
B. ਕਿਹੜਾ
C. ਕਿਹੜੀ
D. ਕਿਹੜੀਆਂ

## SECTION 2: CLOZE PASSAGE

**Value: 10 marks** **Suggested Time: 10 minutes**

**INSTRUCTIONS:** For questions 11 to 20, select the answer that **best** completes the sentence and record your choice on the **Answer Sheet** provided.

### ਚੰਗਾ ਦੋਸਤ

ਚੰਗੇ ਦੋਸਤ ਕਿਸਮਤ ਨਾਲ ਹੀ ਮਿਲਦੇ ਹਨ। ਹਰ ਮਨੁੱਖ ਦਾ ਘੱਟ ਤੋਂ ਘੱਟ ਇੱਕ ਪੱਕਾ ਦੋਸਤ ਜਰੂਰ ਹੋਣਾ ਚਾਹੀਦਾ ਹੈ। ਇਸ ਦੁਨੀਆ ਵਿੱਚ ਜੇ ਤੁਹਾਡਾ ਇੱਕ ਵੀ ਚੰਗਾ ਦੋਸਤ ਹੈ __11__ ਤੁਸੀਂ ਬਹੁਤ ਖੁਸ਼ਕਿਸਮਤ ਹੋ। ਬਹੁਤੇ ਦੋਸਤ ਤਾਂ ਸਮਾਂ __12__ ਵਾਲੇ ਹੀ ਹੁੰਦੇ ਹਨ। __13__ ਤਕ ਸਭ ਠੀਕ ਠਾਕ ਹੋਵੇ ਤੁਹਾਡੇ ਨਾਲ ਰਹਿੰਦੇ ਹਨ ਪਰ ਜੇ ਤੁਹਾਨੂੰ ਕੋਈ ਮੁਸੀਬਤ ਪੈ ਜਾਵੇ ਤਾਂ ਇਹ ਰਸਤਾ ਬਦਲ ਜਾਂਦੇ ਹਨ। ਮੈਂ __14__ ਹੈ ਕਿ ਕੁਝ ਦੋਸਤ ਤਾਂ ਸਿਰਫ਼ ਪਾਰਟੀਆਂ ਵਿੱਚ ਬੁਲਾਉਣ ਲਈ ਹੀ ਹੁੰਦੇ ਹਨ। ਇਹਨਾਂ ਨਾਲ ਤੁਸੀਂ ਖਾ, ਪੀ, ਹੱਸ ਅਤੇ ਖੇਡ ਤਾਂ ਸਕਦੇ ਹੋ ਪਰ ਜ਼ਿੰਦਗੀ ਦੇ ਕੋਈ ਰਾਜ਼ (secrets) __15__ ਨਹੀਂ ਕਰ ਸਕਦੇ। ਕਈ ਦੋਸਤ ਤਾਂ __16__ ਸਤਿ ਸ੍ਰੀ ਅਕਾਲ ਜਾਂ ਨਮਸਤੇ ਜੋਗੇ ਹੀ ਹੁੰਦੇ ਹਨ। ਇਹਨਾਂ __17__ ਤੁਹਾਡੀ ਨਿੱਜੀ ਜ਼ਿੰਦਗੀ ਨਾਲ ਕੋਈ ਵਾਸਤਾ ਨਹੀਂ ਹੁੰਦਾ।

ਚੰਗਾ ਦੋਸਤ ਉਹ ਹੈ ਜੋ ਲੋੜ ਵੇਲੇ ਕੰਮ ਆਵੇ। ਜਰੂਰੀ ਨਹੀਂ ਹੈ ਕਿ ਤੁਹਾਡਾ ਇਹ ਦੋਸਤ __18__ ਹਾਣ ਦਾ ਹੀ ਹੋਵੇ। ਚੰਗਾ ਦੋਸਤ ਕਿਸੇ ਵੀ ਧਰਮ, ਸਭਿਆਚਾਰ ਜਾਂ ਉਮਰ ਦਾ ਹੋ ਸਕਦਾ ਹੈ। ਅਸਲੀ ਦੋਸਤ ਉਹ ਹੈ ਜਿਹੜਾ ਤੁਹਾਡਾ __19__ ਦੇਵੇ - ਦੁੱਖ ਵਿੱਚ ਵੀ ਅਤੇ ਸੁੱਖ ਵਿੱਚ ਵੀ। ਚੰਗਾ ਦੋਸਤ ਤੁਹਾਡੀਆਂ ਲੋੜਾਂ ਨੂੰ ਜਾਣਦਾ ਹੈ ਅਤੇ ਜਿੱਥੋਂ ਤਕ ਹੋ ਸਕੇ ਉਨ੍ਹਾਂ ਨੂੰ __20__ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ। ਯਾਦ ਰੱਖਣ ਯੋਗ ਗੱਲ ਤਾਂ ਇਹ ਹੈ ਕਿ ਚੰਗਾ ਦੋਸਤ ਪਾਉਣ ਲਈ ਪਹਿਲਾਂ ਚੰਗਾ ਦੋਸਤ ਬਣਨਾ ਵੀ ਬਹੁਤ ਜਰੂਰੀ ਹੈ।

11. A. ਤੇ
B. ਸੋ
C. ਕਿ
D. ਤਾਂ

12. A. ਪਾਰ
B. ਨਸ਼ਟ
C. ਖਰਚਣ
D. ਬਿਤਾਉਣ

13. A. ਫੇਰ
B. ਹੁਣ
C. ਕਦੋਂ
D. ਜਦੋਂ

14. A. ਦੇਖਣਾ
B. ਦੇਖਿਆ
C. ਦਿਸਿਆ
D. ਦਿਖਾਇਆ

15. A. ਰੱਖੇ
B. ਖੋਲ੍ਹੇ
C. ਸਾਂਝੇ
D. ਗਹਿਰੇ

16. A. ਕਿ
B. ਹੁਣ
C. ਭਾਵੇਂ
D. ਸਿਰਫ਼

17. A. ਨੇ
B. ਦਾ
C. ਕੋਲ
D. ਲਈ

18. A. ਮੇਰੇ
B. ਸਾਡੇ
C. ਤੁਹਾਡੇ
D. ਆਪਣੇ

19. A. ਹੱਥ
B. ਹੱਕ
C. ਸਾਥ
D. ਸਾਥੀ

20. A. ਪੂਰਾ
B. ਭਰਨ
C. ਮਿਲਣ
D. ਨਿਭਾਉਣ

## PART B: READING COMPONENT
## SECTION 3: FICTION (PROSE)

**Value: 10 marks** **Suggested Time: 20 minutes**

**INSTRUCTIONS:** Read the following passage carefully. For questions 21 to 30, select the **best** answer and record your choice on the **Answer Sheet** provided.

ਕ੍ਰਿਤਿਕਾ ਛੋਟੇ ਹੁੰਦਿਆਂ ਤੋਂ ਹੀ ਬੇ ਜੀ ਨੂੰ ਇਹ ਕਹਿੰਦਿਆਂ ਸੁਣਦੀ ਆ ਰਹੀ ਸੀ ਕਿ ਇਸ ਮਾਇਆ ਦੇ ਤਿੰਨ ਨਾਮ - ਪਰਸੂ, ਪਰਸਾ, ਪਰਸ ਰਾਮ। ਉਸ ਨੂੰ ਕਦੇ ਸਮਝ ਨਹੀਂ ਸੀ ਆਈ ਕਿ ਬੇ ਜੀ ਦੀ ਇਸ ਗੱਲ ਦਾ ਮਤਲਬ ਕੀ ਹੈ। ਉਸ ਨੇ ਇੱਕ ਦਿਨ ਪੁੱਛ ਹੀ ਲਿਆ, "ਬੇ ਜੀ, ਤੁਸੀਂ ਅਕਸਰ ਹੀ ਇਹ ਕਹਿੰਦੇ ਰਹਿੰਦੇ ਹੋ ਪਰ ਮੈਨੂੰ ਇਹ ਕਹਾਵਤ ਸਮਝਾਉ ਤਾਂ ਸਹੀ।" ਬੇ ਜੀ ਕਹਿਣ ਲੱਗੇ, "ਸੁਣ ਬੇਟੀ, ਮਾਇਆ ਹੈ ਪੈਸਾ ਅਤੇ ਦੁਨਿਆਵੀ ਚੀਜ਼ਾਂ। ਇਹ ਜਿਹੜੀ ਦੁਨੀਆ ਹੈ ਨਾ, ਇਹ ਪੈਸੇ ਵਾਲਿਆਂ ਨੂੰ ਹੀ ਸਲਾਮਾਂ ਕਰਦੀ ਹੈ।" "ਨਹੀਂ ਬੇ ਜੀ, ਇਹ ਗੱਲ ਨਹੀਂ ਹੈ। ਕਦਰ ਤਾਂ ਇਨਸਾਨ ਦੀ ਹੁੰਦੀ ਹੈ, ਪੈਸੇ ਦੀ ਨਹੀਂ," ਕ੍ਰਿਤਿਕਾ ਕੋਲੋਂ ਰਿਹਾ ਨਾ ਗਿਆ।

ਫਿਰ ਬੇ ਜੀ ਨੇ ਕਹਾਣੀ ਸੁਣਾਈ ਕਿ ਇੱਕ ਪਿੰਡ ਵਿੱਚ ਇੱਕ ਗਰੀਬ, ਅਨਾਥ ਮੁੰਡਾ ਰਹਿੰਦਾ ਸੀ। ਉਸ ਨੂੰ ਸਾਰੇ 'ਪਰਸੂ ਪਰਸੂ' ਕਹਿ ਕੇ ਬੁਲਾਉਂਦੇ ਸਨ। ਪਿੰਡ ਵਿੱਚ ਜਿਸ ਨੂੰ ਵੀ ਛੋਟੇ ਮੋਟੇ ਕੰਮ ਦੀ ਜ਼ਰੂਰਤ ਹੁੰਦੀ ਉਹ ਪਰਸੂ ਨੂੰ ਹੀ ਅਵਾਜ਼ ਦਿੰਦਾ। ਪਰਸੂ ਕਿਸੇ ਨੂੰ ਨਾਂਹ ਨਹੀਂ ਸੀ ਕਰਦਾ, ਹਰੇਕ ਦਾ ਕੰਮ ਹੱਸ ਕੇ ਕਰ ਦਿੰਦਾ। ਜਿਹੜਾ ਰੋਟੀ ਟੁੱਕ ਕੋਈ ਦੇ ਦਿੰਦਾ, ਖਾ ਲੈਂਦਾ ਅਤੇ ਰਾਤ ਨੂੰ ਦਰਖ਼ਤ ਥੱਲੇ, ਖੂਹ ਕਿਨਾਰੇ ਜਾਂ ਜਿੱਥੇ ਕਿਤੇ ਵੀ ਥਾਂ ਮਿਲਦੀ ਸੌਂ ਜਾਂਦਾ।

ਪਰਸੂ ਜਦੋਂ ਥੋਹੜਾ ਵੱਡਾ ਹੋਇਆ ਤਾਂ ਪਿੰਡ ਦੇ ਸਰਪੰਚ ਨੇ ਉਸਨੂੰ ਸਕੂਲ ਵਿੱਚ ਦਾਖਲਾ ਲੈ ਦਿੱਤਾ। ਦਿਨੇ ਸਕੂਲ ਜਾਂਦਾ ਅਤੇ ਸ਼ਾਮ ਨੂੰ ਮਜ਼ਦੂਰੀ ਕਰਕੇ ਪੇਟ ਪਾਲਦਾ। ਹੌਲੀ ਹੌਲੀ ਪਰਸੂ ਨੇ ਮੈਟ੍ਰਿਕ ਪਾਸ ਕਰ ਲਈ।

ਇੱਕ ਦਿਨ ਪਤਾ ਲੱਗਾ ਕਿ ਪਰਸੂ ਦਾ ਇੱਕ ਬੇਔਲਾਦ ਚਾਚਾ ਮਰਨ ਤੋਂ ਪਹਿਲਾਂ ਆਪਣਾ ਜਮੀਨ ਦਾ ਟੁਕੜਾ ਪਰਸੂ ਦੇ ਨਾਮ ਲਗਾ ਗਿਆ ਸੀ। ਇਸ ਨਾਲ ਪਰਸੂ ਛੋਟਾ ਜਿਹਾ ਕਿਸਾਨ ਬਣ ਗਿਆ। ਪਰਸੂ ਨੇ ਮਿਹਨਤ ਕਰਕੇ ਜ਼ਮੀਨ ਵਿੱਚੋਂ ਸੋਹਣੀ ਫਸਲ ਕੱਢੀ। ਛੋਟਾ ਜਿਹਾ ਘਰ ਬਣਾ ਲਿਆ। ਮਿਹਨਤੀ, ਇਮਾਨਦਾਰ ਅਤੇ ਹਰੇਕ ਦੇ ਕੰਮ ਆਉਣ ਵਾਲੇ ਪਰਸੂ ਨੇ ਵਿਆਹ ਵੀ ਕਰਵਾ ਲਿਆ। ਥੋਹੜਾ ਜਿਹਾ ਪੈਸਾ ਆਉਣ ਕਾਰਨ, ਹੁਣ ਲੋਕ ਉਸਨੂੰ ਪਰਸੂ ਨਹੀਂ ਬਲਕਿ ਪਰਸਾ ਕਹਿ ਕੇ ਬੁਲਾਉਣ ਲੱਗੇ। ਪਰਿਵਾਰ ਦੀ ਕਠਨ ਮਿਹਨਤ ਨਾਲ ਪਰਸੇ ਨੇ ਕੁਝ ਹੋਰ ਖੇਤ ਖਰੀਦ ਲਏ ਅਤੇ ਉਹ ਹੁਣ ਚੰਗਾ ਜਮੀਂਦਾਰ (landlord) ਬਣ ਗਿਆ। ਪਿੰਡ ਵਾਲਿਆਂ ਨੇ ਉਸ ਨੂੰ ਆਪਣੇ ਪਿੰਡ ਦਾ ਸਰਪੰਚ ਵੀ ਬਣਾ ਦਿੱਤਾ।

ਸਰਪੰਚ ਬਣਨ ਨਾਲ ਉਸ ਦੀ ਇੱਜ਼ਤ ਹੋਰ ਵੀ ਵੱਧ ਗਈ। ਹੁਣ ਉਸ ਨੂੰ ਪਰਸੂ ਜਾਂ ਪਰਸਾ ਨਹੀਂ ਬਲਕਿ ਪਰਸ ਰਾਮ ਜੀ ਕਹਿ ਕੇ ਬੁਲਾਇਆ ਜਾਂਦਾ ਸੀ। ਪਰਸ ਰਾਮ ਜੀ ਪੰਚਾਇਤ (village council) ਵਿੱਚ ਪਿੰਡ ਵਾਲਿਆਂ ਦੇ ਫ਼ੈਸਲੇ ਕਰਵਾਉਂਦੇ ਸਨ। ਇੱਥੋਂ ਤਕ ਕਿ ਉਸ ਦੀ ਸੁਣਵਾਈ (approach) ਸਰਕਾਰ ਤਕ ਵੀ ਹੋ ਗਈ।

ਹੁਣ ਤੂੰ ਹੀ ਦੱਸ ਬੇਟੀ, ਜੇ ਪਰਸੂ ਕੋਲ ਇਹ ਮਾਇਆ ਨਾ ਆਉਂਦੀ ਤਾਂ ਉਹ ਪਰਸੂ ਤੋਂ ਪਰਸ ਰਾਮ ਕਿਵੇਂ ਬਣਦਾ? ਕੀ ਇਹ ਸੱਚ ਨਹੀਂ ਹੈ, 'ਇਸ ਮਾਇਆ ਦੇ ਤਿੰਨ ਨਾਮ – ਪਰਸੂ, ਪਰਸਾ, ਪਰਸ ਰਾਮ'?

21. ਕ੍ਰਿਤਿਕਾ ਨੇ ਬੀ ਜੀ ਤੋਂ ਕਹਾਵਤ ਬਾਰੇ ਕੀ ਪੁੱਛਿਆ ?

A. ਲਾਭ
B. ਕਾਰਨ
C. ਨਤੀਜਾ
D. ਮਤਲਬ

22. ਇਸ ਕਹਾਣੀ ਅਨੁਸਾਰ, ਸ਼ਬਦ ‘ਮਾਇਆ’ ਦਾ ਕੀ ਭਾਵ ਹੈ ?

A. ਕੁੜੀ
B. ਵਿਖਾਵਾ
C. ਪੈਸੇ ਵਾਲਾ ਮੁੰਡਾ
D. ਦੁਨਿਆਵੀ ਚੀਜ਼ਾਂ

23. ਸ਼ੁਰੂ ਵਿੱਚ ਕ੍ਰਿਤਿਕਾ ਬੇ ਜੀ ਦੀ ਕਿਹੜੀ ਗੱਲ ਨਾਲ ਸਹਿਮਤ **ਨਹੀਂ** ਸੀ ?

A. ਕਦਰ ਤਾਂ ਇਨਸਾਨ ਦੀ ਹੁੰਦੀ ਹੈ ।
B. ਦੁਨੀਆ ਪੈਸੇ ਵਾਲੇ ਦੀ ਹੀ ਕਦਰ ਕਰਦੀ ਹੈ ।
C. ਦੁਨੀਆ ਪੈਸੇ ਵਾਲੇ ਦੀ ਕਦਰ ਨਹੀਂ ਕਰਦੀ ।
D. ਕਦਰ ਦਾ ਪੈਸੇ ਨਾਲ ਕੋਈ ਵਾਸਤਾ ਨਹੀਂ ਹੈ ।

24. ਪਰਸੂ ਕੌਣ ਸੀ ?

A. ਕ੍ਰਿਤਿਕਾ ਦਾ ਭਰਾ
B. ਪਿੰਡ ਦਾ ਹਲਵਾਈ
C. ਪਿੰਡ ਦਾ ਅਨਾਥ ਮੁੰਡਾ
D. ਬੇ ਜੀ ਦੇ ਘਰ ਦਾ ਨੌਕਰ

25. ਪਰਸੂ ਕਿਸ ਦੇ ਲਈ ਕੰਮ ਕਰਦਾ ਸੀ ?

A. ਬੇ ਜੀ ਲਈ
B. ਕ੍ਰਿਤਿਕਾ ਲਈ
C. ਪਿੰਡ ਦੇ ਸਰਪੰਚ ਲਈ
D. ਪਿੰਡ ਦੇ ਸਾਰੇ ਲੋਕਾਂ ਲਈ

26. ਬਚਪਨ ਵਿੱਚ ਪਰਸੂ ਕਿੱਥੇ ਸੌਂਦਾ ਸੀ ?

A. ਆਪਣੇ ਘਰ
B. ਸਕੂਲ ਵਿੱਚ
C. ਬੇ ਜੀ ਦੇ ਘਰ
D. ਜਿੱਥੇ ਵੀ ਜਗ੍ਹਾ ਮਿਲੇ

27. ਪਰਸੂ ਕਿੰਨਾ ਪੜ੍ਹਿਆ ਹੋਇਆ ਸੀ ?

A. ਬੀ. ਏ.
B. ਮੈਟ੍ਰਿਕ
C. ਪੰਜ ਜਮਾਤਾਂ
D. ਬਿਲਕੁਲ ਨਹੀਂ

28. ਪਰਸੂ ਦੀ ਜ਼ਿੰਦਗੀ ਵਿੱਚ ਪਹਿਲਾ ਖਾਸ ਮੋੜ ਕਿਹੜਾ ਆਇਆ ?

A. ਉਸ ਦਾ ਵਿਆਹ ਚੰਗੀ ਕੁੜੀ ਨਾਲ ਹੋ ਗਿਆ।
B. ਉਸ ਨੂੰ ਪਿੰਡ ਦਾ ਸਰਪੰਚ ਬਣਾ ਦਿੱਤਾ ਗਿਆ।
C. ਮਿਹਨਤ ਕਰਕੇ ਉਸ ਨੇ ਹੋਰ ਜ਼ਮੀਨ ਲੈ ਲਈ ਸੀ।
D. ਉਸ ਦੇ ਚਾਚੇ ਨੇ ਜ਼ਮੀਨ ਉਸ ਦੇ ਨਾਮ ਕਰ ਦਿੱਤੀ।

29. ਕਿਸ ਚੀਜ਼ ਨੇ ਪਰਸੂ ਨੂੰ ਪਰਸਾ ਅਤੇ ਫਿਰ ਪਰਸ ਰਾਮ ਬਣਾ ਦਿੱਤਾ ?

A. ਉਸ ਦੇ ਹੰਕਾਰ ਨੇ
B. ਉਸ ਦੇ ਪਰਿਵਾਰ ਨੇ
C. ਉਸ ਦੀ ਵੱਧਦੀ ਹੋਈ ਉਮਰ ਨੇ
D. ਉਸ ਦੀ ਵੱਧਦੀ ਹੋਈ ਕਮਾਈ ਨੇ

30. ਬੇ ਜੀ ਨੇ ਇਸ ਕਹਾਣੀ ਦੁਆਰਾ, ਕ੍ਰਿਤਿਕਾ ਨੂੰ ਕਿਸ ਚੀਜ਼ ਬਾਰੇ ਸੋਚਣ ਲਈ ਮਜਬੂਰ ਕੀਤਾ ?

A. ਪੈਸੇ ਦੀ ਮਹੱਤਤਾ
B. ਮਿਹਨਤ ਦਾ ਫ਼ਲ
C. ਪੜ੍ਹਾਈ ਦੀ ਮਹਾਨਤਾ
D. ਇਨਸਾਨੀਅਤ ਦੀ ਕਦਰ

## SECTION 3 (continued): DRAMA

**Value: 10 marks** **Suggested Time: 20 minutes**

**INSTRUCTIONS:** Read the following drama carefully. For questions 31 to 40, select the **best** answer and record your choice on the **Answer Sheet** provided.

**ਸਵਿਤਾ ਲਿਵਿੰਗ ਰੂਮ ਵਿੱਚ ਬੈਠੀ ਟੀ. ਵੀ. ਤੇ ਦਿਖਾਇਆ ਜਾ ਰਿਹਾ ਸੀਰੀਅਲ 'ਘੁੰਗਟ' ਦੇਖ ਰਹੀ ਹੈ । ਇਸ ਸੀਰੀਅਲ ਦਾ ਮੁੱਖ ਪਾਤਰ ਕਹਿ ਰਿਹਾ ਹੈ, "ਮੇਰਾ ਨਾਂ ਵੀ ਸ਼ੌਕਤ ਅਲੀ ਹੈ । ਮੈਂ...**
***(ਡਿੰਗ ਡੋਂਗ, ਦਰਵਾਜ਼ੇ ਦੀ ਘੰਟੀ ਵੱਜਦੀ ਹੈ ।)***

ਸਵਿਤਾ : ਇਸ ਘੰਟੀ ਨੇ ਵੀ ਹੁਣੇ ਹੀ ਵੱਜਣਾ ਸੀ ? ਇਸ ਦਿਲਚਸਪ ਮੋੜ ਤੇ ਮੈਂ ਕੁਝ ਵੀ ਮਿਸ ਨਹੀਂ ਕਰਨਾ ਚਾਹੁੰਦੀ । *(ਡਿੰਗ ਡੋਂਗ)* ਘੜੀ ਮੁੜੀ ਘੰਟੀ ਨਾ ਵਜਾਈ ਜਾਉ । ਮੈਂ ਆ ਰਹੀ ਹਾਂ, ਥੋਹੜਾ ਸਬਰ ਕਰੋ !
(ਦਰਵਾਜ਼ਾ ਖੋਲ੍ਹਦੀ ਹੈ ਤਾਂ ਸਾਹਮਣੇ ਰਵੀਨਾ ਖੜੀ ਹੈ ।)

ਰਵੀਨਾ : ਹੈਲੋ ਸਵਿਤਾ, ਕੀ ਤੂੰ ਬਿਜ਼ੀ ਹੈਂ ?

ਸਵਿਤਾ : ਨਹੀਂ, ਮੈਂ ਟੀ. ਵੀ. ਸੀਰੀਅਲ ਦੇਖ ਰਹੀ ਸਾਂ । ਅੱਜ ਕਹਾਣੀ ਬੜੇ ਦਿਲਚਸਪ ਮੋੜ ਤੇ ਆਈ ਹੈ । ਜਲਦੀ ਅੰਦਰ ਆ, ਇਕੱਠੇ ਬੈਠ ਕੇ ਦੇਖਦੇ ਹਾਂ ।

ਰਵੀਨਾ : ਮੈਂ ਇੱਕ ਖਾਸ ਕੰਮ ਲਈ ਤੇਰੇ ਕੋਲ ਆਈ ਹਾਂ । ਮੈਂ ਇੱਕ ਕਹਾਣੀ ਲਿਖੀ ਹੈ । ਜਰਾ ਇਸ ਨੂੰ ਪੜ੍ਹ ਕੇ ਆਪਣੀ ਰਾਏ ਦੇਵੇਂ ਤਾਂ ਬਹੁਤ ਚੰਗਾ ਹੋਵੇਗਾ ।

ਸਵਿਤਾ : ਤੇਰੀ ਕਹਾਣੀ ਪੜ੍ਹਦਿਆਂ ਤਾਂ ਮੇਰਾ ਸੀਰੀਅਲ ਨਿਕਲ ਜਾਵੇਗਾ । ਇਹ ਖਤਮ ਹੋ ਜਾਵੇ ਤਾਂ ਜਰੂਰ ਪੜ੍ਹਾਂਗੀ । ਬੈਠ ਤਾਂ ਸਹੀ ।

ਰਵੀਨਾ : ਮੈਂ ਉਡੀਕ ਨਹੀਂ ਕਰ ਸਕਦੀ । ਮੈਂ ਇਹ ਕਹਾਣੀ ਪੌਣੇ ਚਾਰ ਵਜੇ ਪ੍ਰੋਡਿਊਸਰ, ਮਿਸ ਕਪੂਰ, ਨੂੰ ਦੇਣੀ ਹੈ । ਜੇ ਉਸ ਨੂੰ ਪਸੰਦ ਆ ਗਈ ਤਾਂ ਉਹ ਇਸ ਦਾ ਸੀਰੀਅਲ ਬਣਾਏਗੀ ।

ਸਵਿਤਾ : ਮਿਸ ਕਪੂਰ ! ਉਹ ਮਸ਼ਹੂਰ ਸੀਰੀਅਲ ਪ੍ਰੋਡਿਊਸਰ ! ਸੱਚੀਂ ? ਲਿਆ ਮੈਂ ਹੁਣੇ ਪੜ੍ਹਦੀ ਹਾਂ । (ਸੋਚਦੀ ਹੈ ਕਿ ਇਸ ਤਰ੍ਹਾਂ ਜਦੋਂ ਇਹ ਸੀਰੀਅਲ ਟੀ. ਵੀ. ਤੇ ਆਵੇਗਾ ਤਾਂ ਮੈਂ ਆਪਣੀਆਂ ਸਹੇਲੀਆਂ ਨੂੰ ਇਸ ਦਾ ਅੰਤ ਦੱਸ ਸਕਾਂਗੀ । ਮੇਰੀ ਕਿੰਨੀ ਟੌਰ੍ਹ ਬਣ ਜਾਏਗੀ !)

ਰਵੀਨਾ : ਤੈਨੂੰ ਤਾਂ ਪਤਾ ਹੀ ਹੈ ਕਿ ਮੈਨੂੰ ਭੇਦ ਭਰੀਆਂ ਕਹਾਣੀਆਂ ਲਿਖਣ ਦਾ ਸ਼ੌਕ ਹੈ ।

ਸਵਿਤਾ : (ਕਹਾਣੀ ਪੜ੍ਹਦੀ ਹੋਈ) ਸਚਮੁਚ ਕਹਾਣੀ ਬਹੁਤ ਦਿਲਚਸਪ ਹੈ । ਇਸ ਨੂੰ ਅਖੀਰ ਤਕ ਪੜ੍ਹਨ ਦੀ ਖਾਹਸ਼ ਵੱਧ ਗਈ ਹੈ । ਕਹਾਣੀ ਦੇ ਅੰਤ ਵਾਲਾ ਸਫ਼ਾ ਤਾਂ ਹੈ ਹੀ ਨਹੀਂ । ਮੈਂ ਅੰਤ ਜਾਨਣ ਲਈ ਉਤਾਵਲੀ ਹਾਂ । ਕਿੱਥੇ ਹੈ ਉਹ ਸਫ਼ਾ ?

ਰਵੀਨਾ : (ਇੱਕ ਸਫ਼ਾ ਦਿਖਾਉਂਦੀ ਹੋਈ) ਇਸ ਦਾ ਅੰਤ ਅਖ਼ੀਰਲੇ ਸਫ਼ੇ ਤੇ ਹੈ ਅਤੇ ਅਖ਼ੀਰਲਾ ਸਫ਼ਾ ਮੇਰੇ ਹੱਥ ਵਿੱਚ ਹੈ ।
(ਸਵਿਤਾ ਕੋਲੋਂ ਕਹਾਣੀ ਲੈ ਕੇ ਵਾਪਸ ਜਾਣ ਲਗਦੀ ਹੈ ।)

ਸਵਿਤਾ : ਰਵੀਨਾ ਕਹਾਣੀ ਦਾ ਅੰਤ ਤਾਂ ਦੱਸਦੀ ਜਾ ।

ਰਵੀਨਾ : ਨਹੀਂ ਨਹੀਂ ! ਜੇਕਰ ਅੰਤ ਦਾ ਪਤਾ ਲੱਗ ਗਿਆ ਤਾਂ ਮੇਰਾ ਸੀਰੀਅਲ ਕੌਣ ਦੇਖੇਗਾ ? ਮੈਂ ਤਾਂ ਤੈਥੋਂ ਸਿਰਫ਼ ਇਹ ਹੀ ਦੇਖਣਾ ਚਾਹੁੰਦੀ ਸਾਂ ਕਿ ਦਰਸ਼ਕ ਅੰਤ ਜਾਨਣ ਲਈ ਕਿੰਨੇ ਕੁ ਉਤਾਵਲੇ ਹੁੰਦੇ ਹਨ । ਮੈਨੂੰ ਇਹ ਪਤਾ ਲੱਗ ਗਿਆ ਹੈ ।

ਸਵਿਤਾ : ਮੈਂ ਤਾਂ ਕੁਝ ਹੋਰ ਸੋਚ ਕੇ ਹੀ ਤੇਰੀ ਕਹਾਣੀ ਪੜ੍ਹੀ ਸੀ । ਪਰ ਚੱਲ ਕੋਈ ਨਾ । ਗੁੱਡ ਲੱਕ, ਮੈਂ ਤੇਰੇ ਸੀਰੀਅਲ ਦਾ ਇੰਤਜ਼ਾਰ ਕਰਾਂਗੀ ।
(ਰਵੀਨਾ ਬਾਏ ਕਹਿੰਦੀ ਬਾਹਰ ਚਲੀ ਜਾਂਦੀ ਹੈ ਅਤੇ ਸਵਿਤਾ ਟੀ. ਵੀ. ਬੰਦ ਕਰਕੇ ਰਸਾਲਾ ਚੁੱਕ ਕੇ ਬੈਠ ਜਾਂਦੀ ਹੈ ।)

31. What was Savita doing when the doorbell rang?

A. watching TV
B. writing a story
C. reading a book
D. talking on the phone

32. Who is Shaukat Ali?

A. the producer of Ghungat
B. the main character of Ghungat
C. the producer of Raveena's story
D. the main character of Raveena's story

33. Why did Savita take time to open the door?

A. She was alone and afraid.
B. She was absorbed in her book.
C. She wanted to keep watching the TV show.
D. She wanted to finish her phone conversation.

34. At what time was Raveena expected to hand in her story to Miss Kapoor?

A. 3:45
B. 4:15
C. 4:30
D. 4:45

35. Why was Raveena in a rush?

A. She had to go to work.
B. She had to meet her teacher.
C. She had to meet the TV producer.
D. She had to meet the radio producer.

36. Why did Raveena want to show her story to Miss Kapoor?

A. to get it edited
B. to impress her friends
C. to get it published as a book
D. to get it produced as a TV show

37. What made Savita eager to comply with Raveena's request?

A. She loved to read stories.
B. She had nothing better to do.
C. She wanted to impress her friends.
D. She did not want to disappoint Raveena.

38. What type of stories did Raveena enjoy writing?

A. mystery
B. folk tale
C. mythical
D. historical

39. Why was the last page of Raveena's story missing?

A. She had lost it.
B. She was hiding it.
C. She did not finish the story.
D. She did not bring the last page.

40. How did Savita feel when Raveena left?

A. Savita felt lonely.
B. Savita felt jealous.
C. Savita felt ignored.
D. Savita felt disappointed.

**SECTION 4: JOURNALISTIC PROSE**

**Value: 8 marks** **Suggested Time: 15 minutes**

**INSTRUCTIONS:** Read the following article carefully. For questions 41 to 48, select the **best** answer and record your choice on the **Answer Sheet** provided.

# ਪੰਜਾਬੀ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ

22 ਅਕਤੂਬਰ — ਸਾਹਿਤ ਦੇ ਖੇਤਰ ਵਿੱਚ ਮਸ਼ਹੂਰ ਕਵਿੱਤਰੀ, ਅੰਮਿਤ੍ਰਾ ਪ੍ਰੀਤਮ, ਅੱਜ ਸਵੇਰੇ ਇਸ ਦੁਨੀਆ ਨੂੰ ਹਮੇਸ਼ਾਂ ਵਾਸਤੇ ਛੱਡ ਗਏ ਹਨ। ਉਹ 86 ਸਾਲਾਂ ਦੇ ਸਨ ਅਤੇ ਪਿਛਲੇ ਤਿੰਨ ਕੁ ਸਾਲਾਂ ਤੋਂ ਕਾਫ਼ੀ ਬਿਮਾਰ ਸਨ।

'ਅੰਮ੍ਰਿਤਾ ਦੀਦੀ' ਦੇ ਨਾਮ ਨਾਲ ਜਾਣੀ ਜਾਣ ਵਾਲੀ, ਅੰਮਿਤ੍ਰਾ ਪ੍ਰੀਤਮ, ਨੇ ਸਾਹਿਤਕ ਖੇਤਰ ਵਿੱਚ ਆਪਣੀਆਂ ਕਵਿਤਾਵਾਂ, ਕਹਾਣੀਆਂ ਅਤੇ ਨਾਵਲਾਂ ਰਾਹੀਂ ਬਹੁਤ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਨੇ ਪੰਜਾਬ ਦੀ ਵੰਡ (partition) ਸਮੇਂ ਔਰਤਾਂ ਨਾਲ ਹੋਏ ਅਤਿਆਚਾਰਾਂ ਬਾਰੇ ਕਈ ਕਵਿਤਾਵਾਂ ਲਿਖੀਆਂ। ਲਗ ਭਗ ਪੰਜਾਹ ਸਾਲ ਪਹਿਲਾਂ ਲਿਖੀਆਂ ਕਵਿਤਾਵਾਂ, "ਅੱਜ ਆਖਾਂ ਵਾਰਸ ਸ਼ਾਹ ਨੂੰ ਕਿਤੇ ਕਬਰਾਂ ਵਿੱਚੋਂ ਬੋਲ" ਅਤੇ "ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ", ਪੜ੍ਹ ਕੇ ਅੱਜ ਵੀ ਲੂੰ ਕੰਢੇ (goose bumps) ਖੜ੍ਹੇ ਹੋ ਜਾਂਦੇ ਹਨ। ਅੰਮ੍ਰਿਤਾ ਪ੍ਰੀਤਮ ਨੇ ਨਾਵਲ 'ਪਿੰਜਰ', ਜਿਸ ਤੇ ਮੂਵੀ ਵੀ ਬਣਾਈ ਗਈ ਹੈ, ਵਿੱਚ ਔਰਤ ਦੇ ਦਰਦ ਨੂੰ ਜਿਵੇਂ ਬਿਆਨ ਕੀਤਾ ਹੈ ਸ਼ਾਇਦ ਹੀ ਕੋਈ ਹੋਰ ਕਰ ਸਕੇ। ਅੰਮਿਤ੍ਰਾ ਪ੍ਰੀਤਮ ਦੀਆਂ ਰਚਨਾਵਾਂ ਪੰਜਾਬੀ ਤੋਂ ਇਲਾਵਾ ਹੋਰ ਭਾਸ਼ਾਵਾਂ ਵਿੱਚ ਵੀ ਮਿਲਦੀਆਂ ਹਨ। ਉਨ੍ਹਾਂ ਦੀ ਸਾਹਿਤਕ ਦੇਣ ਲਈ ਉਨ੍ਹਾਂ ਨੂੰ ਦੇਸ ਅਤੇ ਪਰਦੇਸ ਵਿੱਚ ਸਨਮਾਨਿਤ ਵੀ ਕੀਤਾ ਗਿਆ ਸੀ।

ਅੰਮ੍ਰਿਤਾ ਪ੍ਰੀਤਮ ਦਾ ਜਨਮ 21 ਅਗਸਤ, 1919 ਨੂੰ ਗੁਜਰਾਂਵਾਲੇ ਵਿੱਚ ਹੋਇਆ। 1933 ਵਿੱਚ ਉਨ੍ਹਾਂ ਨੇ ਗਿਆਨੀ (Honours in Punjabi) ਪਾਸ ਕੀਤੀ। 1939 ਵਿੱਚ ਪ੍ਰੀਤਮ ਸਿੰਘ ਕਵਾਤੜਾ ਨਾਲ ਵਿਆਹ ਉਪਰੰਤ ਇਹ ਅੰਮ੍ਰਿਤਾ ਤੋਂ ਅੰਮ੍ਰਿਤਾ ਪ੍ਰੀਤਮ ਬਣ ਗਈ।

ਅੰਮਿਤ੍ਰਾ ਪ੍ਰੀਤਮ ਦੀ ਮੌਤ ਤੇ ਅਫ਼ਸੋਸ ਕਰਨ ਵਾਲਿਆਂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ, ਮਨਮੋਹਣ ਸਿੰਘ, ਲੋਕ ਸਭਾ ਦੇ ਸਪੀਕਰ, ਸੋਮਨਾਥ ਚੈਟਰਜੀ ਅਤੇ ਸਾਹਿਤਕ ਖੇਤਰ ਦੀਆਂ ਮਸ਼ਹੂਰ ਹਸਤੀਆਂ ਨੇ ਵੀ ਸ਼ਰਧਾਂਜਲੀਆਂ (tributes) ਭੇਟ ਕੀਤੀਆਂ। ਸਾਰਿਆਂ ਨੇ ਕਿਹਾ ਕਿ ਅੰਮ੍ਰਿਤਾ ਪ੍ਰੀਤਮ ਦੀ ਮੌਤ ਨੇ ਪੰਜਾਬੀ ਸਾਹਿਤ ਵਿੱਚ ਨਾ ਪੂਰਾ ਹੋਣ ਵਾਲਾ ਘਾਟਾ ਪਾ ਦਿੱਤਾ ਹੈ।

41. ਅੰਮ੍ਰਿਤਾ ਪ੍ਰੀਤਮ ਜੀ ਕਦੋਂ ਪੂਰੇ ਹੋਏ ?

A. ਦਸ ਫਰਵਰੀ
B. ਬਾਰ੍ਹਾਂ ਫਰਵਰੀ
C. ਇੱਕੀ ਅਗਸਤ
D. ਇੱਕੀ ਅਕਤੂਬਰ

42. ਅੰਮ੍ਰਿਤਾ ਪ੍ਰੀਤਮ ਜੀ ਕਿੰਨੇ ਸਾਲ ਜੀਵਤ ਰਹੇ ?

A. ਅਠ੍ਹਾਰਾਂ ਸਾਲ
B. ਅਠਾਈ ਸਾਲ
C. ਛਿਆਸੀ ਸਾਲ
D. ਛਿਆਨਵੇਂ ਸਾਲ

43. ਅੰਮ੍ਰਿਤਾ ਪ੍ਰੀਤਮ ਜੀ ਨੂੰ ਲੋਕੀਂ ਪਿਆਰ ਨਾਲ ਕੀ ਬੁਲਾਉਂਦੇ ਸਨ ?

A. ਅੰਮ੍ਰਿਤਾ
B. ਵਾਰਸ ਸ਼ਾਹ
C. ਅੰਮ੍ਰਿਤਾ ਦੀਦੀ
D. ਚਾਨਣ ਦੀ ਫੁਲਕਾਰੀ

44. "ਚਾਨਣ ਦੀ ਫੁਲਕਾਰੀ ਤੋਪਾ ਕੌਣ ਭਰੇ" ਕਵਿਤਾ ਕਿਨ੍ਹਾਂ ਦੇ ਦਰਦ ਦਾ ਬਿਆਨ ਕਰਦੀ ਹੈ ?

A. ਔਰਤਾਂ ਦੇ
B. ਪੰਜਾਬ ਦੇ
C. ਮਰਦਾਂ ਦੇ
D. ਸਾਹਿਤਕਾਰਾਂ ਦੇ

45. "ਲੂੰ ਕੰਢੇ ਖੜੇ ਕਰਨ ਵਾਲੀਆਂ ਰਚਨਾਵਾਂ" ਕਿਹੋ ਜਿਹੀਆਂ ਭਾਵਨਾਵਾਂ ਪੈਦਾ ਕਰਦੀਆਂ ਹਨ ?

A. ਜੋਸ਼ ਭਰੀਆਂ
B. ਮਨ ਦੀ ਖੁਸ਼ੀ
C. ਮਨੁੱਖੀ ਦਰਦ
D. ਸਰੀਰਕ ਠੰਡਕ

46. 'ਪਿੰਜਰ' ਕਿਹੋ ਜਿਹੀ ਰਚਨਾ ਹੈ ?

A. ਲੇਖ
B. ਨਾਵਲ
C. ਕਵਿਤਾ
D. ਛੋਟੀ ਕਹਾਣੀ

47. ਭਾਰਤ ਦੇ ਪ੍ਰਧਾਨ ਮੰਤਰੀ ਵਜੋਂ ਕਿਸ ਨੇ ਸ਼ਰਧਾਂਜਲੀ ਭੇਟ ਕੀਤੀ ?

A. ਇੰਦਰਾ ਗਾਂਧੀ
B. ਮਨਮੋਹਣ ਸਿੰਘ
C. ਸੋਮਨਾਥ ਚੈਟਰਜੀ
D. ਜਵਾਹਰ ਲਾਲ ਨਹਿਰੂ

48. ਅੰਮ੍ਰਿਤਾ ਪ੍ਰੀਤਮ ਜੀ ਦੇ ਚਲੇ ਜਾਣ ਦਾ ਸਭ ਤੋਂ ਵੱਧ ਨੁਕਸਾਨ ਕਿਸ ਖੇਤਰ ਨੂੰ ਹੋਇਆ ਹੈ ?

A. ਸਾਹਿਤਕ
B. ਮੰਨੋਰੰਜਕ
C. ਰਾਜਨੀਤਕ
D. ਇਤਿਹਾਸਕ

**SECTION 5: AUTHENTIC DOCUMENT**

**Value: 6 marks** **Suggested Time: 10 minutes**

**INSTRUCTIONS:** Read the following information carefully. For questions 49 to 54, select the **best** answer and record your choice on the **Answer Sheet** provided.

# ਬੱਚਿਆਂ ਨੂੰ ਪੰਜਾਬੀ ਸਿਖਾਉਣ ਦਾ ਸੁਨਹਿਰੀ ਮੌਕਾ

ਬੀ.ਸੀ.ਪੰਜਾਬੀ ਅਧਿਆਪਕ ਐਸੋਸੀਏਸ਼ਨ (BCPAA) ਵੱਲੋਂ ਸੂਚਨਾ

- ਅਸੀਂ ਤੁਹਾਨੂੰ ਬੀ. ਸੀ. ਦੇ ਪੰਜਾਬੀ ਦੇ ਪ੍ਰੋਵਿਨਸ਼ੀਅਲ ਇਮਤਿਹਾਨ ਦੀ ਤਿਆਰੀ ਵੀ ਕਰਵਾਉਂਦੇ ਹਾਂ। ਸਾਡੇ ਸਕੂਲਾਂ ਦੇ ਅਠਾਨਵੇਂ ਪ੍ਰਤੀਸ਼ਤ ਬੱਚੇ ਛਿਆਸੀ ਪ੍ਰਤੀਸ਼ਤ ਤੋਂ ਵੱਧ ਨੰਬਰ ਲੈ ਕੇ ਪਾਸ ਹੁੰਦੇ ਹਨ।
- ਹਰ ਸਾਲ ਪ੍ਰੋਵਿਨਸ਼ੀਅਲ ਇਮਤਿਹਾਨ ਵਿੱਚੋਂ ਪਹਿਲੇ ਨੰਬਰ ਤੇ ਆਉਣ ਵਾਲੇ ਵਿਦਿਆਰਥੀ ਨੂੰ BCPAA ਵੱਲੋਂ ਪੰਜ ਹਜ਼ਾਰ ਡਾਲਰ ਦਾ ਵਜ਼ੀਫ਼ਾ ਦਿੱਤਾ ਜਾਂਦਾ ਹੈ।
- ਹਰ ਲੈਵਲ ਵਿੱਚ ਸਿਰਫ਼ 20 ਵਿਦਿਆਰਥੀ ਹੀ ਦਾਖਲ ਕੀਤੇ ਜਾਂਦੇ ਹਨ।

## ਪੰਜਾਬੀ ਸਿਖਣੀ ਕਿਉਂ ਜ਼ਰੂਰੀ ਹੈ ?

- ਬੱਚਿਆਂ ਨੂੰ ਪੰਜਾਬੀ ਸਭਿਆਚਾਰ ਦਾ ਗਿਆਨ ਹੋਵੇਗਾ।
- ਪੰਜਾਬੀ ਸਿੱਖਦਿਆਂ ਪ੍ਰਾਪਤ ਕੀਤੇ ਹੁਨਰ (skills) ਹੋਰ ਖੇਤਰਾਂ ਵਿੱਚ ਵੀ ਸਹਾਈ ਹੋਣਗੇ।
- ਵੱਖ ਵੱਖ ਖੇਤਰਾਂ ਵਿੱਚ ਨੌਕਰੀਆਂ ਕਰਨ ਦੇ ਮੌਕੇ ਵੱਧਣਗੇ।

## ਆਪਣੀ ਸੀਟ ਜਲਦੀ ਰੀਜ਼ਰਵ ਕਰਵਾਉ !

**ਫੀਸ :** 30 ਡਾਲਰ ਪ੍ਰਤੀ ਘੰਟਾ
**ਲੈਵਲ :** ਮੁਢਲੇ ਲੈਵਲ ਤੋਂ ਐਡਵਾਂਸ ਲੈਵਲ ਤਕ
**ਸਮਾਂ :** ਸ਼ਾਮ ਦੇ 6:00 ਤੋਂ 8:00 ਵਜੇ

**ਬੀ.ਸੀ.ਪੰਜਾਬੀ ਅਧਿਆਪਕ ਐਸੋਸੀਏਸ਼ਨ,**
#104–1000 ਈਸਟ ਕੈਂਟ ਐਵਿਨਿਯੂ,
ਵੈਨਕੂਵਰ, ਬੀ.ਸੀ.
**ਫ਼ੋਨ : 1-800-punjabi**
**www.bcpaa.com**

ਪੰਜਾਬੀ ਸਿੱਖਿਆ ਲੈਣ ਵਿੱਚ ਦਿਲਚਸਪੀ ਰੱਖਣ ਵਾਲੇ ਸਾਰੇ ਮਾਪਿਆਂ ਨੂੰ BCPAA ਵੱਲੋਂ ਸੱਦਾ ਦਿੱਤਾ ਜਾਂਦਾ ਹੈ ਕਿ ਹੇਠ ਲਿਖੇ ਕਿਸੇ ਵੀ ਸਕੂਲ ਵਿੱਚ ਆਪਣੇ ਬੱਚਿਆਂ ਨੂੰ ਦਾਖਲ ਕਰਾਉ। *ਸਰੀ ਅਤੇ ਵੈਨਕੂਵਰ ਵਾਲੇ ਸਕੂਲਾਂ ਨੂੰ ਮਨਿਸਟਰੀ ਆਫ਼ ਐਜੂਕੇਸ਼ਨ ਵੱਲੋਂ ਮਾਨਤਾ - ਪ੍ਰਾਪਤ (affiliated) ਹੈ।*

**ਸਰੀ :** ਮਾਤ-ਭਾਸ਼ਾ ਸਕੂਲ
#3–1313 ਰੋਡ,
ਫ਼ੋਨ : 604-581-1313

**ਵੈਨਕੂਵਰ :** ਪੰਜਾਬੀ ਸੈਂਟਰ
#123–4567 ਐਵਿਨਿਯੂ,
ਫ਼ੋਨ : 604-326-4567

**ਐਬਸਫ਼ੋਰਡ :** ਅਮਰ ਪ੍ਰੇਮ ਸਕੂਲ
#11–1111 ਸਟਰੀਟ,
ਫ਼ੋਨ : 604-851-1111

**ਰਿਚਮੰਡ :** ਮਾਂ ਬੋਲੀ ਸਕੂਲ
#9–9090 ਡਰਾਈਵ,
ਫ਼ੋਨ : 604-587-9090

49. Who are the members of BCPAA?

A. parents
B. teachers
C. students
D. volunteers

50. Which Punjabi school is affiliated with the Ministry of Education?

A. Apna School
B. Punjabi Centre
C. Man Boli School
D. Amar Prem School

51. What percent of students are getting an A on Punjabi provincial exams?

A. 86%
B. 88%
C. 96%
D. 98%

52. How is BCPAA encouraging students to get good marks on Punjabi provincial exams?

A. by giving them admission
B. by awarding scholarships
C. by hiring them as teachers
D. by waiving their tuition fees

53. When do the classes take place?

A. morning
B. noon
C. afternoon
D. evening

54. Where is the office of BCPAA located?

A. Surrey
B. Richmond
C. Vancouver
D. Abbotsford

You have **Examination Booklet Form A**. In the box above #1 on your **Answer Sheet**, ensure you filled in the bubble as follows.

| Exam Booklet Form/ Cahier d'examen | A | B | C | D | E | F | G | H |
|---|---|---|---|---|---|---|---|---|
| | ● | ○ | ○ | ○ | ○ | ○ | ○ | ○ |

**This is the end of the multiple-choice section.**
**Answer the remaining questions in the space provided in the response booklet.**

## PART C: WRITING COMPONENT

## SECTION 6: MAP DIRECTIONS

**Value: 6 marks** **Suggested Time: 10 minutes**

**INSTRUCTIONS:** In the **Response Booklet**, use complete **Punjabi** sentences to respond to the topic given below. Use approximately 50 words. Avoid repetition and lists. Marks will be awarded for content and for grammatical correctness.

1. Sabrina just called you because she is not feeling well. You agree to leave home, pick her up to go to the hospital and then buy medicine from the pharmacy. Describe the route you will take and mention three landmarks as you pass them along the way. **(6 marks)**



## SECTION 7: LETTER

**Value: 12 marks** **Suggested Time: 10 minutes**

| | |
|---|---|
| **INSTRUCTIONS:** | In the **Response Booklet**, use complete **Punjabi** sentences to write a short letter on the topic given below. Use approximately 60 words. Avoid repetition and lists. Marks will be awarded for content and for grammatical correctness. |

2. Write a letter to your grandparents expressing your joy of having graduated high school and receiving a scholarship to a university. **(12 marks)**

**Note:** Letter should include appropriate salutation and closing phrases.
Students must avoid identifying themselves, their schools, or school districts.

## SECTION 8: STORY COMPLETION

**Value: 18 marks** **Suggested Time: 15 minutes**

| | |
|---|---|
| **INSTRUCTIONS:** | In the **Response Booklet**, use complete **Punjabi** sentences to complete the story started below. Use approximately 100 words. Avoid repetition and lists. Marks will be awarded for content and for grammatical correctness. |

3. ਮਨਜੀਤ ਆਪਣੇ ਜਨਮ ਦਿਨ ਦੀ ਪਾਰਟੀ ਦਾ ਪ੍ਰੋਗਰਾਮ ਬਣਾ ਰਿਹਾ ਸੀ।
ਉਸ ਨੇ ਸੋਚਿਆ ਕਿ... **(18 marks)**

Manjit was planning a party for his birthday.
He thought that…

**END OF EXAMINATION**

**MINISTRY USE ONLY**

Place Personal Education Number (PEN) here.

# Course Code = PUN 12

# JUNE 2007

Exam Booklet Form/ Cahier d'examen A B C D E F G H

## Student Instructions

1. Place your Personal Education Number (PEN) label at the top of this Booklet **AND** fill in the bubble (Form A, B, C, D, E, F, G or H) that corresponds to the letter on your Examination Booklet.
2. Use a pencil to fill in bubbles when answering questions on your Answer Sheet.
3. Use a blue- or black-ink pen when answering written-response questions in this Booklet.
4. Read the Examination Rules on the back of this Booklet.

**MINISTRY USE ONLY**

Question 1

| 0 | 1 | 2 | 3 | 4 | 5 | 6 | NR |
|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ |

Question 2

**Marker 1**

| 0 | 1 | 2 | 3 | 4 | 5 | 6 | NR |
|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ |

**Marker 2**

| 0 | 1 | 2 | 3 | 4 | 5 | 6 | NR |
|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ |

Question 3

**Marker 1**

| 0 | 1 | 2 | 3 | 4 | 5 | 6 | NR |
|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ |

**Marker 2**

| 0 | 1 | 2 | 3 | 4 | 5 | 6 | NR |
|---|---|---|---|---|---|---|---|
| ☐ | ☐ | ☐ | ☐ | ☐ | ☐ | ☐ | ☐ |

MINISTRY USE ONLY

Place Personal Education Number (PEN) here.

**Course Code = PUN 12**

# Punjabi 12

## JUNE 2007

## Response Booklet

BRITISH COLUMBIA
The Best Place on Earth

© Province of British Columbia

## PART C: WRITING COMPONENT

## SECTION 6: MAP DIRECTIONS

**Question 1:**

## SECTION 7: LETTER

**Question 2:**

| | |
|---|---|
| **1st** | |
| **2nd** | |

## SECTION 8: STORY COMPLETION

**Question 3:**

| | |
|---|---|
| **1st** | |
| **2nd** | |

## Examination Rules

1. The time allotted for this examination is two hours.
   You may, however, take up to 60 minutes of additional time to finish.
2. Answers entered in the Examination Booklet will not be marked.
3. Cheating on an examination will result in a mark of zero. The Ministry of Education considers cheating to have occurred if students break any of the following rules:
   - Students must not be in possession of or have used any secure examination materials prior to the examination session.
   - Students must not communicate with other students during the examination.
   - Students must not give or receive assistance of any kind in answering an examination question during an examination, including allowing one's paper to be viewed by others or copying answers from another student's paper.
   - Students must not possess any book, paper or item that might assist in writing an examination, including a dictionary or piece of electronic equipment, that is not specifically authorized for the examination by ministry policy.
   - Students must not copy, plagiarize or present as one's own, work done by any other person.
   - Students must immediately follow the invigilator's order to stop writing at the end of the examination time and must not alter an Examination Booklet, Response Booklet or Answer Sheet after the invigilator has asked students to hand in examination papers.
   - Students must not remove any piece of the examination materials from the examination room, including work pages.
4. The use of inappropriate language or content may result in a mark of zero being awarded.
5. Upon completion of the examination, return all examination materials to the supervising invigilator.